**Exam. Code : 103203**
**Subject Code : 1002**

**B.A./B.Sc. 3rd Semester (Batch 2022-25)**

**PUNJABI (Compulsory)**

Time Allowed—3 Hours] [Maximum Marks—50

**ਨੋਟ :—** ਹਰੇਕ ਭਾਗ ਵਿੱਚੋਂ ਘੱਟੋ-ਘੱਟ **ਇੱਕ** ਪ੍ਰਸ਼ਨ ਦੀ ਚੋਣ ਕਰਦੇ ਹੋਏ, ਕੁੱਲ **ਪੰਜ** ਪ੍ਰਸ਼ਨ ਕਰੋ। ਪੰਜਵਾਂ ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

downloaded from StudentSuvidha.com

**ਭਾਗ—ੳ**

1. 'ਘਰ ਦਾ ਪਿਆਰ' ਨਿਬੰਧ ਦਾ ਸਾਰ ਲਿਖੋ।
2. 'ਪੰਜਾਬ ਦਾ ਸਭਿਆਚਾਰ' ਨਿਬੰਧ ਦਾ ਕਲਾ ਪੱਖ ਬਿਆਨ ਕਰੋ।

**ਭਾਗ—ਅ**

3. 'ਅੰਨੇ ਨਿਸ਼ਾਨਚੀ' ਇਕਾਂਗੀ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ।
4. 'ਸੁਹਾਗ' ਇਕਾਂਗੀ ਦੇ ਕੋਈ ਦੋ ਪਾਤਰਾਂ ਨਾਲ ਜਾਣ-ਪਛਾਣ ਕਰਾਓ।

**ਭਾਗ—ੲ**

5. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰਕੇ ਢੁੱਕਵਾਂ ਸਿਰਲੇਖ ਲਿਖੋ :

ਬਹੁਤ ਸਾਰੇ ਵਹਿਮ ਸ਼ਗਨਾਂ-ਅਪਸ਼ਗਨਾਂ ਦੇ ਹਨ, ਜਿਨ੍ਹਾ ਦਾ ਸੰਬੰਧ ਸਫ਼ਰ ਨਾਲ ਖਾਸ ਹੈ। ਪੁਰਾਣੇ ਵਕਤਾਂ ਵਿੱਚ ਰੇਲਾਂ ਨਹੀਂ ਸਨ, ਨਾ ਕੋਈ ਸਾਫ਼ ਪੱਧਰੀਆਂ ਸੜਕਾਂ ਸਨ। ਇਸ ਲਈ ਸਫ਼ਰ ਬੜਾ ਖ਼ਤਰਨਾਕ ਹੁੰਦਾ ਸੀ। ਚੱਲਣ ਲਗਿਆਂ ਹਜ਼ਾਰਾਂ ਤਰ੍ਹਾਂ ਦੀਆਂ ਚੌਕਸੀਆਂ ਕਰਨੀਆਂ ਪੈਂਦੀਆਂ ਸਨ। ਸੱਜੇ-ਖੱਬੇ ਤੱਕ ਕੇ ਤੁਰਨਾ ਪੈਂਦਾ ਸੀ। ਜੇ ਗਧਾ ਖੱਬੇ ਹੀਂਗੇ ਜਾਂ ਭਾਰ ਨਾਲ ਲਦਿਆ ਮਿਲੇ ਤਾਂ ਚੰਗਾ। ਜੇ ਤਿੱਤਰ ਖੱਬੇ ਪਾਸੇ ਬੋਲੇ ਤਾ ਮਾੜਾ ਜੇ ਹਿਰਨਾਂ ਦੀ ਡਾਰ ਖੱਬੇ ਜਾਂਦੀ ਮਿਲੇ ਤਾਂ ਮਾੜੀ। ਗਿੱਦੜ ਸਜਿਓਂ ਦਿਸੇ ਤਾਂ ਚੰਗਾ, ਦੋ ਮਿਲਣ ਤਾਂ ਹੋਰ ਵੀ ਚੰਗੇ। ਕਈ ਵਹਿਮ ਸ਼ਿਕਾਰੀ ਲੋਕਾਂ ਦੇ ਵੀ ਹਨ। ਕਹਿੰਦੇ ਹਨ ਕਿ ਜਨੌਰਾਂ ਵਿੱਚੋਂ ਸਭ ਤੋਂ ਪਹਿਲਾ ਘੋੜਾ ਪੈਦਾ ਹੋਇਆ, ਫਿਰ ਹਾਥੀ। ਇਸ ਲਈ ਇਨ੍ਹਾਂ ਤੋਂ ਕੋਈ ਬਦਸ਼ਗਨੀ ਨਹੀਂ ਮੰਨਦੇ। ਇਹ ਆਪਣੇ ਮਾਲਕ ਨੂੰ ਅਗੇਤਰੇ ਹੀ ਖਤਰੇ ਦਾ ਪਤਾ ਦੇ ਦਿੰਦੇ ਹਨ। ਜੇ ਘੋੜਾ ਨੱਚਦਾ ਟੱਪਦਾ ਮਿਲੇ ਤਾਂ ਬਹੁਤ ਚੰਗਾ ਮੰਨਦੇ ਹਨ। ਘੋੜਾ ਖਰੀਦਣ ਜਾਈਏ ਤਾਂ ਵੀ ਇਹ ਕੰਨ-ਸਿਰ ਹਿਲਾ ਕੇ ਜਾਂ ਖੁਰ ਮਾਰ ਕੇ ਦੱਸ ਦਿੰਦਾ ਹੈ ਕਿ ਸੌਦਾ ਚੰਗਾ ਹੈ ਜਾਂ ਮੰਦਾ।

6. ਹੇਠ ਲਿਖੇ ਪੈਰ੍ਹੇ ਦੀ ਸ਼ਬਦ-ਜੋੜਾਂ ਪੱਖੋਂ ਸੁਧਾਈ ਕਰੋ :

ਬਰਸਾਤ ਦੇ ਦਿਨਾ ਵਿੱਚ ਸੈਹਰ ਅਤੇ ਪਿੰਡਾਂ ਦੇ ਜੀਬਨ ਦੀ ਤੁਲਨਾ ਕੀਤਿਆ ਪਤਾ ਚਲਦਾ ਹੈ ਕਿ ਸੈਹਰਾਂ ਬਿਚ ਰਹਿੰਦੀਆਂ ਤੂਸੀਂ ਵਰਸਾਰ ਦਾ ਆਨੰਦ ਮਾਨ ਸਕਦੇ ਹੋ ਪਰ ਪਿੰਡਾਂ ਵਿੱਚ ਬਹੁਤ ਦੂਸ਼ਬਾਰੀਆ ਦਾ ਸਾਹਮਣਾ ਕਰਨਾ ਪੈਂਦਾ ਹੈ। ਉਂਵ ਦੇਖਿਆ ਜਾਬੇ ਤਾ ਅਜਿਹੇ ਮੌਸਮ ਬਿਚ ਗਰੀਵ ਲੋਕ ਕਿ ਕਰਦੇ ਹੋਨਗੇ ਜਿਹੜੇ ਆਕਾਸ ਦੀ ਸ਼ੱਤ ਹੇਠਾਂ ਹੀ ਸੋਂਦੇ ਹਨ।

**ਭਾਗ—ਸ**

7. ਵਾਕ ਅਤੇ ਉਪਵਾਕ ਨੂੰ ਉਦਾਹਰਨਾਂ ਨਾਲ ਸਪੱਸ਼ਟ ਕਰੋ।
8. ਸ਼ਬਦ ਕੀ ਹੁੰਦਾ ਹੈ ਤੇ ਇਹ ਕਿੰਨੀ ਪ੍ਰਕਾਰ ਦੇ ਹੁੰਦੇ ਹਨ।



Download all NOTES and PAPERS at StudentSuvidha.com